ਮਿੱਠੇ ਬੱਚੇ:- "ਮਿੱਠੇ ਬੱਚੇ :- ਪੜ੍ਹਾਈ ਕਦੇ ਵੀ ਮਿਸ ਨਹੀਂ ਕਰਨਾ, ਪੜ੍ਹਾਈ ਦਾ ਸ਼ੌਕ ਤਾਂ ਰਹੇਗਾ ਜਦੋਂ ਪੜ੍ਹਾਉਣ ਵਾਲੇ ਬਾਪ ਤੇ ਅਟੁੱਟ ਨਿਸ਼ਚੇ ਹੋਵੇਗਾ, ਨਿਸ਼ਚੇ ਬੁੱਧੀ ਬੱਚੇ ਹੀ ਸਰਵਿਸ ਕਰ ਸਕਣਗੇ"

ਪ੍ਰਸ਼ਨ:- ਬਾਪਦਾਦਾ ਨੂੰ ਬੱਚਿਆਂ ਦੀ ਕਿਹੜੀ ਗੱਲ ਸੁਣਕੇ ਖੁਸ਼ੀ ਹੁੰਦੀ ਹੈ?

ਉੱਤਰ:- ਜਦੋਂ ਬੱਚੇ ਸਰਵਿਸ ਸਮਾਚਾਰ ਦਾ ਪਤ੍ਰ ਲਿਖਦੇ ਹਨ - ਬਾਬਾ ਅੱਜ ਅਸੀਂ ਫਲਾਣੇ ਨੂੰ ਸਮਝਾਇਆ, ਉਸ ਨੂੰ ਦੋ ਬਾਪ ਦਾ ਪਰਿਚੈ ਦਿੱਤਾ... ਇਵੇਂ - ਇਵੇਂ ਸੇਵਾ ਕੀਤੀ। ਤਾਂ ਬਾਬਾ ਉਨ੍ਹਾਂ ਪੱਤਰਾਂ ਨੂੰ ਪੜ੍ਹਕੇ ਬਹੁਤ ਖੁਸ਼ ਹੁੰਦੇ ਹਨ। ਯਾਦ - ਪਿਆਰ ਅਤੇ ਖੁਸ਼ੀ ਖੇਰਾਵਤ ਦਾ ਪੱਤਰ ਲਿਖਣ ਤੇ ਬਾਬਾ ਦਾ ਪੇਟ ਨਹੀਂ ਭਰਦਾ। ਬਾਬਾ ਆਪਣੇ ਮਦਦਗਾਰ ਬੱਚਿਆਂ ਨੂੰ ਵੇਖ ਖੁਸ਼ ਹੁੰਦੇ ਹਨ। ਇਸਲਈ ਸਰਵਿਸ ਕਰਕੇ ਸਮਾਚਾਰ ਲਿਖਣਾ ਹੈ।

ਗੀਤ:- ਚੱਲੋ ਚਲੇ ਮਾਂ...

ਓਮ ਸ਼ਾਂਤੀ। ਬੱਚੇ ਜਾਣਦੇ ਹਨ ਕੰਡਿਆਂ ਤੋਂ ਫੁੱਲਾਂ ਦੀ ਦੁਨੀਆ ਵਿਚ ਜਾਣਾ ਹੈ। ਸਤਿਯੁਗੀ ਦੁਨੀਆ ਨੂੰ ਦੈਵੀ ਫੁੱਲ ਕਹਾਂਗੇ। ਕਲਯੁੱਗ ਵਿਚ ਮਨੁੱਖ ਹਨ ਕੰਡੇ ਮਿਸਲ। ਇੱਕ - ਦੂਜੇ ਨੂੰ ਤੰਗ ਕਰਦੇ, ਦੁੱਖ ਦਿੰਦੇ ਰਹਿੰਦੇ ਹਨ। ਤੁਸੀਂ ਬੱਚੇ ਹੁਣ ਖੁਸ਼ ਹੁੰਦੇ ਹੋ ਕਿ ਚੱਲੋ, ਹੁਣ ਅਸੀ ਆਪਣੇ ਉਸ ਦੈਵੀ ਫੁੱਲਾਂ ਦੇ ਸੁਖਧਾਮ ਵਿਚ ਚੱਲੀਏ। ਚੱਲਣ ਦਾ ਵੀ ਰਾਜ਼ ਸਮਝਣਾ ਹੈ। ਚੱਲਣਗੇ ਤਾਂ, ਜਦੋਂ ਚੰਗੀ ਤਰ੍ਹਾਂ ਪੜ੍ਹਨਗੇ। ਪਹਿਲੇ ਤਾਂ ਨਿਸ਼ਚੇ ਚਾਹੀਦਾ ਹੈ - ਪੜ੍ਹਾਉਣ ਵਾਲਾ ਕੌਣ ਹੈ? ਇਹ ਗੱਲਾਂ ਕੋਈ ਵੇਦ ਸ਼ਾਸਤਰ ਆਦਿ ਵਿੱਚ ਲਿਖੀਆਂ ਹੋਈਆਂ ਨਹੀਂ ਹਨ। ਭਾਵੇਂ ਗੀਤਾ ਵਿਚ ਰਾਜਯੋਗ ਲਿਖਿਆ ਹੋਇਆ ਹੈ, ਰਾਜਾਈ ਦੇ ਲਈ ਪੜ੍ਹਾਈ ਹੈ ਤਾਂ ਜਰੂਰ ਰਾਜਾਈ ਸਤਿਯੁਗ ਵਿੱਚ ਦੇਣਗੇ। ਪਹਿਲੇ ਤਾਂ ਪੜ੍ਹਾਉਣ ਵਾਲੇ ਤੇ ਨਿਸ਼ਚੇ ਚਾਹੀਦਾ ਹੈ। ਇਹ ਕੋਈ ਸਾਧੂ, ਸੰਤ, ਮਨੁੱਖ ਤਾਂ ਹਨ ਨਹੀਂ। ਇਹ ਤੇ ਹੈ ਨਿਰਾਕਾਰ। ਸਭ ਆਤਮਾਵਾਂ ਦਾ ਬਾਪ ਹੈ - ਪਰਮਪਿਤਾ ਪਰਮਾਤਮਾ। ਜਿਨ੍ਹਾਂ ਨੂੰ ਕਲਪ ਪਹਿਲੇ ਮੁਆਫ਼ਿਕ ਨਿਸ਼ਚੇ ਹੋਣਾ ਹੋਵੇਗਾ, ਉਨ੍ਹਾਂ ਨੂੰ ਹੀ ਹੋਵੇਗਾ। ਤੁਸੀਂ ਵੇਖਦੇ ਹੋ ਫੁੱਲਾਂ ਦੀ ਦੁਨੀਆ ਸਵਰਗ ਵਿਚ ਚੱਲਣ ਦੇ ਲਈ ਹਰੇਕ ਦਾ ਆਪਣਾ - ਆਪਣਾ ਪੁਰਸ਼ਾਰਥ ਹੈ। ਪਹਿਲੇ ਜਦ ਨਿਸ਼ਚੇ ਹੋਵੇ ਤਾਂ ਝੱਟ ਪੜ੍ਹਾਈ ਵਿਚ ਲੱਗ ਪੈਣ। ਸ਼ਾਸਤਰਾਂ ਵਿਚ ਸ਼੍ਰੀਕ੍ਰਿਸ਼ਨ ਭਗਵਾਨੁਵਾਚ ਲਿਖ ਦਿੱਤਾ ਹੈ - ਨਾਲ - ਨਾਲ ਲਿਖਿਆ ਵੀ ਹੈ ਰੁਦ੍ਰ ਗਿਆਨ ਯਗ। ਹੁਣ ਇਹ ਤਾਂ ਗਿਆਨ ਦੀਆਂ ਗੱਲਾਂ ਹੋ ਗਈਆਂ। ਮਨੁੱਖਾਂ ਨੇ ਫਿਰ ਸ਼੍ਰੀਕ੍ਰਿਸ਼ਨ ਨੂੰ ਕਾਠ ਦੀ ਮੁਰਲੀ ਦੇ ਦਿੱਤੀ ਹੈ। ਗਾਇਨ ਵੀ ਹੈ ਨਾ ਤੇਰੀ ਮੁਰਲੀ ਵਿੱਚ ਜਾਦੂ ਹੈ ਖੁਦਾਈ। ਹੁਣ ਕਾਠ ਦੀ ਮੁਰਲੀ ਵਿੱਚ ਤੇ ਖੁਦਾਈ ਜਾਦੂ ਹੋ ਨਹੀਂ ਸਕਦਾ। ਉਹ ਤਾਂ ਮੂੰਹ ਨਾਲ ਮੁਰਲੀ ਵਜਾ ਸਕਦੇ ਹਾਂ। ਸ਼੍ਰੀਕ੍ਰਿਸ਼ਨ ਦਾ ਬਚਪਨ ਹੀ ਵਿਖਾਉਂਦੇ ਹਨ, ਆਪਸ ਵਿੱਚ ਖੇਡਦੇ, ਕੁੱਦਦੇ ਰਹਿੰਦੇ ਹਨ। ਇਹ ਗੱਲਾਂ ਬੜੀਆਂ ਸਮਝਣ ਵਾਲੀਆਂ ਹਨ। ਇਹ ਤਾਂ ਬੱਚੇ ਸਮਝ ਗਏ ਹਨ ਕਿ ਇਹ ਬਰੋਬਰ ਰਾਜਯੋਗ ਹੈ ਮਤਲਬ ਰਾਜਾਈ ਪ੍ਰਾਪਤ ਕਰਨ ਦੀ ਪੜ੍ਹਾਈ ਕਰਾਉਣ ਵਾਲੇ ਦੇ ਨਾਲ ਯੋਗ। ਉਹ ਸਨਮੁੱਖ ਆਕੇ ਪੜ੍ਹਾਉਂਦੇ ਹਨ। ਇਸ ਵਿੱਚ ਕਾਠ ਦੀ ਮੁਰਲੀ ਦੀ ਕੋਈ ਗੱਲ ਨਹੀਂ। ਇਹ ਗੱਲਾਂ ਹੀ ਨਿਰਾਲੀਆਂ ਹਨ। ਇਹ ਕਿਸੇ ਨੂੰ ਵੀ ਪਤਾ ਨਹੀਂ ਹੈ ਕਿ ਨਿਰਾਕਾਰ ਭਗਵਾਨ ਖੁਦ ਆਕੇ ਪੜ੍ਹਾਉਂਦੇ ਹਨ। ਸ਼੍ਰੀਕ੍ਰਿਸ਼ਨ ਦੇ ਲਈ ਵੀ ਕਹਿੰਦੇ ਹਨ, ਉਨ੍ਹਾਂ ਦੀ ਮੁਰਲੀ ਵਿੱਚ ਖੁਦਾਈ ਜਾਦੂ ਹੈ। ਤਾਂ ਖੁਦ ਹੋਰ ਹੋ ਗਿਆ ਨਾ। ਸ਼੍ਰੀਕ੍ਰਿਸ਼ਨ ਨੂੰ ਖੁਦਾ ਨਹੀਂ ਕਹਾਂਗੇ। ਖੁਦਾ ਤਾਂ ਖੁਦਾ ਹੀ ਹੈ, ਉਸਨੂੰ ਹੀ ਜਾਦੂਗਰ ਕਹਿੰਦੇ ਹਨ। ਜਾਦੂਗਰ ਖੁਦ ਆਕੇ ਜਾਦੂਗਰੀ ਵਿਖਾਉਂਦੇ ਹਨ, ਸਾਖਸ਼ਾਤਕਾਰ ਕਰਵਾਉਂਦੇ ਹਨ। ਫਿਰ ਵੀ ਉੱਚ ਪਦਵੀ ਪ੍ਰਾਪਤ ਕਰਾਉਣ ਦੇ ਲਈ ਪੜ੍ਹਾਉਂਦੇ ਹਨ। ਮੀਰਾ ਨੇ ਵੀ ਬੈਕੁੰਠ ਵੇਖਿਆ ਅਤੇ ਡਾਂਸ ਕੀਤੀ, ਪ੍ਰੰਤੂ ਉਸਨੇ ਰਾਜਯੋਗ ਨਹੀਂ ਸਿੱਖਿਆ। ਰਾਜਯੋਗ ਦੀ ਗੱਲ ਕਿਸੇ ਵੀ ਸ਼ਾਸਤਰ ਵਿੱਚ ਨਹੀਂ ਹੈ। ਮੀਰਾ ਨੂੰ ਪੜ੍ਹਾਉਣ ਵਾਲਾ ਤੇ ਕੋਈ ਨਹੀਂ ਸੀ। ਮੀਰਾ ਦਾ ਨਾਮ ਵੀ ਭਗਤ ਮਾਲਾ ਵਿਚ ਹੈ। ਇਹ ਹੈ ਗਿਆਨ ਮਾਲਾ। ਰਾਤ - ਦਿਨ ਦਾ ਫਰਕ ਹੈ। ਤੁਸੀਂ ਸਮਝ ਗਏ ਹੋ - ਅਸੀਂ ਜਿੰਨਾਂ ਗਿਆਨ ਉਠਾਵਾਂਗੇ, ਉਨਾਂ ਉੱਚ ਬਣਾਂਗੇ। ਬਰੋਬਰ ਭਗਤ ਮਾਲਾ ਵੀ ਹੈ, ਉਸ ਵਿੱਚ ਵੀ ਨੰਬਰਵਾਰ ਹਨ। ਉਨ੍ਹਾਂ ਦੇ ਨਾਮ ਤੇ ਮਸ਼ਹੂਰ ਹਨ। ਇਹ ਗਿਆਨ ਕਿਸੇ ਵਿੱਚ ਵੀ ਨਹੀਂ ਹੈ। ਤਾਂ ਸਮਝਾਉਣਾ ਚਾਹੀਦਾ ਹੈ - ਇਹ ਗਿਆਨ ਦੇਣ ਵਾਲਾ ਉਹ ਅਥਾਰਟੀ ਬਾਪ ਹੈ, ਜਿਸ ਦੇ ਲਈ ਕਿਹਾ ਜਾਂਦਾ ਹੈ ਬ੍ਰਹਮਾ ਮੁੱਖ ਕਮਲ ਨਾਲ ਬ੍ਰਾਹਮਣ ਰਚ ਉਨ੍ਹਾਂ ਨੂੰ ਸਾਰੇ ਵੇਦਾਂ ਸ਼ਾਸਤਰਾਂ ਦਾ ਸਾਰ ਸੁਣਾਉਂਦੇ ਹਨ। ਸ਼ਿਵਬਾਬਾ ਨੂੰ ਤੇ ਸ਼ਾਸਤਰ ਦੇ ਨਹੀਂ ਸਕਦੇ, ਕਿਉਂਕਿ ਉਹ ਤੇ ਹਨ ਨਿਰਾਕਾਰ। ਤਾਂ ਬ੍ਰਹਮਾ ਦਵਾਰਾ ਸਮਝਾਉਂਦੇ ਹਨ। ਇਹ ਯੁਕਤੀ ਰਚ ਕੇ। ਪ੍ਰੰਤੂ ਇਹ ਸਭ ਗੱਲਾਂ ਸਮਝਾਉਣ ਵਾਲਾ ਇੱਕ ਹੀ ਹੈ। ਵਿਖਾਉਂਦੇ ਵੀ ਹਨ ਬ੍ਰਹਮਾ ਦਵਾਰਾ ਸਾਰ ਦੱਸਦੇ ਹਨ ਤਾਂ ਜਰੂਰ ਸਮਝਾਉਣ ਵਾਲਾ ਕੋਈ ਦੂਜਾ ਹੈ ਨਾ। ਹੁਣ ਤੁਸੀਂ ਪ੍ਰੈਕਟਿਕਲ ਵਿੱਚ ਵੇਖਦੇ ਹੋ ਸ਼ਿਵਬਾਬਾ ਜੋ ਗਿਆਨ ਸਾਗਰ ਹੈ, ਸਾਡਾ ਬਾਬਾ ਵੀ ਹੈ, ਉਹ ਸਾਮ੍ਹਣੇ ਬੈਠੇ ਹਨ। ਭਾਰਤ ਵਿਚ ਹੀ ਆਉਂਦੇ ਹਨ ਅਤੇ ਜਰੂਰ ਕਿਸੇ ਦੇ ਸ਼ਰੀਰ ਵਿਚ ਆਉਂਦੇ ਹਨ। ਇਹ ਬ੍ਰਹਮਾ ਦਾ ਸ਼ਰੀਰ ਹੈ। ਪ੍ਰਜਾਪਿਤਾ ਬ੍ਰਹਮਾ ਹੋਣਾ ਵੀ ਜਰੂਰ ਹੈ। ਬਰੋਬਰ ਪ੍ਰਜਾਪਿਤਾ ਬ੍ਰਹਮਾ ਦਵਾਰਾ ਹੀ ਬਾਪ ਆਕੇ ਬ੍ਰਾਹਮਣ ਧਰਮ ਰਚਦੇ ਹਨ। ਧਰਮ ਕਿਵੇਂ ਰਚਿਆ ਜਾਂਦਾ ਹੈ? ਇਹ ਵੀ ਤੁਸੀਂ ਜਾਣਦੇ ਹੋ। ਤੁਸੀਂ ਪ੍ਰੈਕਟਿਕਲ ਵਿੱਚ ਬ੍ਰਹਮਾ ਦੀ ਸੰਤਾਨ ਹੋ। ਕਹਿੰਦੇ ਹੋ ਅਸੀਂ ਬ੍ਰਾਹਮਣ ਬ੍ਰਾਹਮਣੀਆਂ ਹਾਂ। ਬਾਪ ਤੋਂ ਵਰਸਾ ਲੈ ਰਹੇ ਹਾਂ। ਫਾਲੋਅਰਜ਼ ਤਾਂ ਕਦੇ ਵਰਸਾ ਲੈ ਨਹੀਂ ਸਕਦੇ। ਬੱਚੇ ਹੀ ਬਾਪ ਤੋਂ ਵਰਸਾ ਲੈਂਦੇ ਹਨ। ਤੁਸੀਂ ਆਕੇ ਬੇਹੱਦ ਦੇ ਬੱਚੇ ਬਣੇ ਹੋ। ਕਰਾਈਸਟ ਦੇ ਫਾਲੋਅਰਜ਼ ਕਹਾਂਗੇ, ਬੱਚੇ ਨਹੀਂ। ਬੁੱਧ ਦੇ, ਗੁਰੂਨਾਨਕ ਦੇ ਫਾਲੋਅਰ ਹੀ ਕਹਿਣਗੇ, ਬੱਚੇ ਨਹੀਂ। ਇੱਥੇ ਤੁਸੀਂ ਬੱਚੇ ਹੋ। ਪ੍ਰਜਾਪਿਤਾ ਉਹ ਵੀ ਬਾਪ ਠਹਿਰਿਆ ਅਤੇ ਸ਼ਿਵਬਾਬਾ ਵੀ ਬਾਪ ਹੋ ਗਿਆ। ਉਹ ਨਿਰਾਕਾਰ ਹੈ, ਇਹ ਸਾਕਾਰ ਵੱਖ ਹੈ। ਇਸ

ਸਾਕਾਰ ਦਵਾਰਾ ਹੀ ਸ਼ਿਵਬਾਬਾ ਨੇ ਬੱਚਿਆਂ ਨੂੰ ਰਚਿਆ ਹੈ। ਹੁਣ ਤੁਹਾਡੇ ਵਿਚ ਵੀ ਕਿਸੇ ਨੂੰ ਤੇ ਪੱਕਾ ਨਿਸ਼ਚੇ ਹੈ, ਕਿਸੇ ਨੂੰ ਨਹੀਂ ਹੈ। ਲਾਟਰੀ ਹੈ ਬਹੁਤ ਵੱਡੀ।

ਤੁਹਾਨੂੰ ਆਪਣੇ ਸ਼ਰੀਰ ਨਿਰਵਾਹ ਲਈ ਕਰਮ ਵੀ ਕਰਨਾ ਹੈ ਅਤੇ ਫਿਰ ਇਹ ਗਿਆਨ ਵੀ ਸਿੱਖਣਾ ਹੈ। ਉਸ ਪੜ੍ਹਾਈ ਵਿਚ ਬਹੁਤ ਮਿਹਨਤ ਕਰਨੀ ਪੈਂਦੀ ਹੇ। ਇੱਥੇ ਵੀ ਬਾਪ ਕਹਿੰਦੇ ਹਨ ਇੱਕ ਘੜੀ, ਅੱਧੀ ਘੜੀ, ਪੜੋ ਜਰੂਰ। ਅੱਛਾ ਕਿਸੇ ਕਾਰਣ ਤੋਂ ਰੋਜ ਨਹੀਂ ਪੜ ਸਕਦੇ ਹੋ ਤਾਂ ਇੱਥੇ ਸਤ ਰੋਜ ਪੜਕੇ ਫਿਰ ਮੁਰਲੀ ਦੇ ਆਧਾਰ ਤੇ ਚੱਲ ਸਕਦੇ ਹੋ। ਲਕਸ਼ ਪਕੜ ਲਿਆ,ਬਾਕੀ ਹੈ ਟਾਲ, ਡਾਲ, ਪੱਤੇ ਆਦਿ ਨੂੰ ਸਮਝਣਾ, ਉਹ ਸਭ ਵੀ ਚਕ੍ਰ ਵਿੱਚ ਆ ਜਾਂਦਾ ਹੈ। ਤੁਹਾਨੂੰ 84 ਜਨਮਾਂ ਦਾ ਰਾਜ਼ ਵੀ ਸਮਝਾਇਆ ਹੈ। ਝਾੜ ਵੀ ਡੀਟੇਲ ਹੈ, ਚਕ੍ਰ ਵਿੱਚ ਨਟਸ਼ੇਲ ਹੈ। ਸਮਝਾਇਆ ਵੀ ਹੈ ਇਹ ਵਰੇਇਟੀ ਮਨੁੱਖ ਸ੍ਰਿਸ਼ਟੀ ਦੇ ਧਰਮ ਹਨ। ਪਹਿਲੇ ਇੱਕ ਧਰਮ ਰਹਿੰਦਾ ਹੈ ਫਿਰ ਵ੍ਰਿਧੀ ਹੁੰਦੀ ਹੈ। ਝਾੜ ਵੀ ਵਿਖਾਇਆ ਹੈ - ਕਿਵੇਂ ਫਾਉਂਡੇਸ਼ਨ ਨਿਕਲਦਾ ਹੈ। ਕਿੰਨਾਂ ਸਹਿਜ ਰਾਜ਼ ਹੈ! ਡਰਾਮਾ ਅਤੇ ਝਾੜ ਨੂੰ ਸਮਝਣਾ ਹੈ, ਬੁੱਧੀ ਵਿੱਚ ਧਾਰਨ ਕਰਨਾ ਹੈ ਅਤੇ ਦੂਜਿਆਂ ਨੂੰ ਸਮਝਾਉਣਾ ਹੈ। ਦੋ ਬਾਪ ਦੀ ਪੁਆਇੰਟ ਤੇ ਜਰੂਰ ਸਮਝਾਉਣੀ ਹੈ। ਬੇਹੱਦ ਦੇ ਬਾਪ ਤੋਂ ਸਵਰਾਜ ਮਿਲਦਾ ਹੈ ਇਸਲਈ ਰਾਜਯੋਗ ਜਰੂਰ ਸਿੱਖਣਾ ਪਵੇ। ਪਰਮਪਿਤਾ ਪਰਮਾਤਮਾ ਹੀ ਸਵਰਗ ਦੀ ਸਥਾਪਨਾ ਕਰਦੇ ਹਨ, ਜਿਸ ਨੂੰ ਕ੍ਰਿਸ਼ਨਪੁਰੀ ਵੀ ਕਹਿੰਦੇ ਹਨ। ਕੰਸਪੁਰੀ ਵਿੱਚ ਤੇ ਕ੍ਰਿਸ਼ਨਪੁਰੀ ਸਥਾਪਨ ਹੋ ਨਾ ਸਕੇ, ਇਸਲਈ ਸੰਗਮ ਰੱਖਿਆ ਹੋਇਆ ਹੈ। ਤੁਸੀਂ ਬੱਚਿਆਂ ਦੇ ਲਈ ਇਹ ਸੰਗਮਜੁਗ ਹੈ, ਬਾਕੀ ਹੋਰ ਸਭ ਦੇ ਲਈ ਕਲਯੁੱਗ ਹੈ। ਤੁਸੀਂ ਹੀ ਸੰਗਮ ਤੋਂ ਫਿਰ ਸਤਿਯੁਗ ਵਿੱਚ ਜਾਣ ਵਾਲੇ ਹੋ, ਇਹ ਨਿਸ਼ਚੇ ਚਾਹੀਦਾ ਹੈ। ਹਾਲੇ ਅਸੀਂ ਸੰਗਮ ਤੇ ਹਾਂ। ਸੰਗਮਜੁੱਗ ਯਾਦ ਰਹੇ ਤਾਂ ਸਤਿਯੁਗ ਵਿੱਚ ਵੀ ਯਾਦ ਰਹੇ ਅਤੇ ਸਤਿਯੁਗ ਸਥਾਪਨ ਕਰਨ ਵਾਲਾ ਵੀ ਯਾਦ ਰਹੇ। ਪ੍ਰੰਤੂ ਘੜੀ - ਘੜੀ ਭੁੱਲ ਜਾਂਦੇ ਹਨ। ਤੁਸੀਂ ਸਮਝਦੇ ਹੋ ਹਾਲੇ ਅਸੀਂ ਸੰਗਮ ਤੇ ਹਾਂ, ਬੇਹੱਦ ਦਾ ਬਾਪ ਆਉਂਦੇ ਹੀ ਹਨ ਕਲਪ ਦੇ ਸੰਗਮਯੁੱਗੇ। ਗੀਤਾ ਵਿੱਚ ਭੁੱਲ ਕਰ ਦਿੱਤੀ ਹੈ। ਗੀਤਾ ਨਾਲ ਤਾਲੁਕ ਰੱਖਣ ਵਾਲੇ ਸਿਰਫ ਭਾਗਵਤ, ਮਹਾਭਾਰਤ ਆਦਿ ਹਨ।

ਬਾਪ ਸਮਝਾਉਂਦੇ ਹਨ - ਤੁਸੀਂ ਸਭ ਸੀਤਾਵਾਂ ਹੋ, ਮੈਂ ਰਾਮ ਹਾਂ। ਤੁਸੀਂ ਰਾਵਣ ਰਾਜ ਰੂਪੀ ਲੰਕਾ ਵਿੱਚ ਪਏ ਹੋ, ਉਹ ਲੰਕਾ ਨਹੀਂ। ਇਵੇਂ ਨਹੀਂ, ਉੱਥੇ ਕੋਈ ਰਾਵਣ ਰਾਜ਼ ਸੀ। ਸਤਿਯੁਗ ਵਿਚ ਲੰਕਾ ਆਦਿ ਹੁੰਦੀ ਨਹੀਂ। ਉਸ ਤਰਫ਼ ਬੋਧ ਧਰਮ ਹੈ। ਹੁਣ ਬੋਧ ਧਰਮ ਬਹੁਤ ਫੈਲਿਆ ਹੋਇਆ ਹੈ। ਹੁਣ ਇਹ ਤਾਂ ਬੱਚਿਆਂ ਨੂੰ ਸਮਝਾਇਆ ਗਿਆ ਹੈ ਭਾਰਤ ਪਹਿਲੇ ਬਿਲਕੁਲ ਹੀ ਪਵਿਤ੍ਰ ਸੀ, ਸੁਖ - ਸ਼ਾਂਤੀ ਸੀ, ਇੱਕ ਹੀ ਦੇਵੀ - ਦੇਵਤਾ ਧਰਮ ਸੀ। ਪਹਿਲੇ - ਪਹਿਲੇ ਤਾਂ ਇਹ ਨਿਸ਼ਚੇ ਪੱਕਾ ਰਹਿਣਾ ਚਾਹੀਦਾ ਹੈ ਕਿ ਇਹ ਸਾਡਾ ਬੇਹੱਦ ਦਾ ਬਾਪ ਹੈ, ਉਨ੍ਹਾਂ ਤੋਂ ਵਰਸਾ ਲੈਣਾ ਹੈ, ਪੁਰਸ਼ਾਰਥ ਵਿੱਚ ਕਦੇ ਚੁੱਕਣਾ ਨਹੀਂ ਹੈ। ਨਿਸ਼ਚੇ ਬਿਨਾਂ ਪੁਰਸ਼ਾਰਥ ਵੀ ਕਿਵੇਂ ਕਰਨਗੇ? ਬਾਪ ਪੜ੍ਹਾਉਂਦੇ ਹਨ, ਉਨ੍ਹਾਂ ਤੋਂ ਸਵਰਗ ਦਾ, ਸਦਾ ਸੁਖ ਦਾ ਵਰਸਾ ਮਿਲ ਰਿਹਾ ਹੈ, ਇਹ ਤਾਂ ਸਰਟਨ ਹੈ। ਸਕੂਲ ਵਿੱਚ ਬਿਨਾਂ ਨਿਸ਼ਚੇ ਅਥਵਾ ਐਮ ਆਬਜੈਕਟ ਥੋੜ੍ਹੇ ਹੀ ਬੈਠਣਗੇ। ਉੱਥੇ ਤੇ ਸਬਜੈਕਟ ਬਹੁਤ ਹੁੰਦੀ ਹੈ, ਮਾਰਜਿਨ ਹੁੰਦੀ ਹੈ। ਇੱਥੇ ਤਾਂ ਇੱਕ ਹੀ ਸਬਜੈਕਟ ਹੈ। ਇੱਕ ਹੀ ਸਬਜੈਕਟ ਨਾਲ ਕਿੰਨੀ ਵੱਡੀ ਰਾਜਧਾਨੀ ਸਥਾਪਨ ਹੋ ਜਾਂਦੀ ਹੈ। ਜੋ ਨਹੀਂ ਪੜਦੇ ਹਨ ਤਾਂ ਪੜ੍ਹੇ ਹੋਏ ਦੇ ਅੱਗੇ ਭਰੀ ਢੋਣਗੇ। ਪ੍ਰਜਾ ਵਿੱਚ ਵੀ ਜੋ ਚੰਗੀ ਪ੍ਰਜਾ ਹੋਣਗੇ ਉਨ੍ਹਾਂ ਦੇ ਅੱਗੇ ਘੱਟ ਦਰਜੇ ਵਾਲੀ ਪ੍ਰਜਾ ਭਰੀ ਢੋਵੇਗੀ। ਪ੍ਰਜਾ ਵੀ ਨੰਬਰਵਾਰ ਤੇ ਹੈ ਨਾ। ਕੋਈ ਗਰੀਬ, ਕੋਈ ਸਾਹੂਕਾਰ, ਇੱਕ ਨਾ ਮਿਲੇ ਦੂਜੇ ਨਾਲ। ਕਿਵੇਂ ਦਾ ਇਹ ਡਰਾਮਾ ਹੈ! ਸਾਰੇ ਮਨੁੱਖਾਂ ਦੇ ਫੀਚਰਜ ਡਰਾਮੇ ਵਿੱਚ ਨੂੰਧ ਹਨ, ਪਾਰਟ ਵਜਾਉਣ ਦੇ ਲਈ। ਕਿੰਨੀਆਂ ਗੁਪਤ ਗੱਲਾਂ ਹਨ ਜੋ ਧਾਰਨ ਕਰ ਪੂਰੀਂ ਤਰ੍ਹਾਂ ਸਮਝਾਉਣਾ ਹੈ। ਸਭ ਤਾਂ ਨਹੀਂ ਸਮਝਾ ਸਕਦੇ। ਕਿੰਨੀਆਂ ਚੰਗੀਆਂ ਗੱਲਾਂ ਸਮਝਾਉਂਦੇ ਹਨ। ਨਿਸ਼ਚੇ ਵਿੱਚ ਹੀ ਵਿਜੇ ਹੈ। ਨਿਸ਼ਚੇ ਹੋ ਤਾਂ ਹੀ ਪੜਨਗੇ। ਕੋਈ ਤਾਂ ਸੰਸ਼ੇਬੁੱਧੀ ਹੋ ਪੜ੍ਹਾਈ ਛੱਡ ਦਿੰਦੇ ਹਨ। ਅਹੋ ਮਾਇਆ, ਝੱਟ ਤੂਫ਼ਾਨ ਲਗਾਏ ਸੰਸ਼ੇ ਵਿੱਚ ਪਾ ਦਿੰਦੀ ਹੈ। ਸੰਸ਼ੇਬੁੱਧੀ ਵਿਨਸ਼ਨਤੀ। ਚੜੇ ਤਾਂ ਚੱਖੇ ਬੈਕੁੰਠ ਰਸ, ਡਿੱਗੇ ਤਾਂ ਚਕਨਾਚੂਰ। ਫਰਕ ਤੇ ਬਹੁਤ ਹੈ। ਡਿੱਗੇ ਤਾਂ ਇੱਕਦਮ ਚੰਡਾਲ, ਚੜੇ ਤਾਂ ਇੱਕਦਮ ਬਾਦਸ਼ਾਹ। ਸਾਰਾ ਪੜ੍ਹਾਈ ਤੇ ਮਦਾਰ ਹੈ। ਪਹਿਲੇ ਕਦੇ ਸੁਣਿਆ ਨਿਰਾਕਾਰ ਸਿੱਖਿਅਕ ਕਿਵੇਂ ਹੁੰਦਾ ਹੈ! ਹੁਣ ਸ਼ਿਵਬਾਬਾ ਦਵਾਰਾ ਤੁਸੀਂ ਸੁਣਦੇ ਹੋ। ਤੁਹਾਨੂੰ ਨਿਸ਼ਚੇ ਹੋਇਆ ਹੈ - ਮੈਂ ਤੁਹਾਡਾ ਬਾਪ ਹਾਂ, ਪਤਿਤ - ਪਾਵਨ ਵੀ ਹਾਂ, ਨਾਲੇਜ਼ਫੁੱਲ ਵੀ ਕਹਿੰਦੇ ਹੋ। ਨਾਲੇਜ਼ ਨਾਲ ਚਕ੍ਰਵਰਤੀ ਰਾਜਾ ਬਣਨਾ ਹੈ। ਇਹ ਨਿਸ਼ਚੇ ਹੋਣਾ ਚਾਹੀਦਾ ਹੈ ਨਾ। ਨਿਸ਼ਚੇ ਵਿੱਚ ਹੀ ਮਾਇਆ ਵਿਘਨ ਪਾਉਂਦੀ ਹੈ। ਦੁਸ਼ਮਣ ਸਾਮ੍ਹਣੇ ਖੜਾ ਹੈ। ਤੁਸੀਂ ਜਾਣਦੇ ਹੋ ਮਾਇਆ ਸਾਡੀ ਦੁਸ਼ਮਣ ਹੈ, ਘੜੀ - ਘੜੀ ਧੋਖਾ ਦਿੰਦੀ ਹੈ, ਪੜ੍ਹਾਈ ਵਿੱਚ ਸੰਸ਼ੇ ਪਾ ਦਿੰਦੀ ਹੈ। ਸੰਸ਼ੇ ਵਿੱਚ ਆਕੇ ਬਹੁਤ ਬੱਚੇ ਪੜ੍ਹਾਈ ਨੂੰ ਛੱਡ ਦਿੰਦੇ ਹਨ। ਪੜ੍ਹਾਈ ਨੂੰ ਛੱਡਿਆ ਮਤਲਬ ਬਾਪ, ਟੀਚਰ, ਸਤਿਗੁਰੂ ਨੂੰ ਵੀ ਛੱਡ ਦਿੱਤਾ। ਉਹ ਤਾਂ ਗੁਰੂ ਬਦਲਦੇ ਰਹਿੰਦੇ ਹਨ। ਅਨੇਕ ਗੁਰੂ ਕਰਦੇ ਹਨ। ਇਹ ਤਾਂ ਇੱਕ ਹੀ ਸਤਿਗੁਰੂ ਹੈ। ਇਹ ਆਪਣੀ ਮਹਿਮਾ ਨਹੀਂ ਕਰਦੇ ਹਨ। ਬਾਪ ਆਪਣਾ ਪਰਿਚੈ ਦਿੰਦੇ ਹਨ। ਭਗਤ ਲੋਕ ਗਾਉਂਦੇ ਹਨ ਨਾ ਸ਼ਿਵਾਏ ਨਮਾ, ਤੁਸੀਂ ਮਾਤ - ਪਿਤਾ… ਲੇਕਿਨ ਜਾਣਦੇ ਕੁਝ ਵੀ ਨਹੀਂ, ਸਿਰਫ ਕਹਿੰਦੇ ਰਹਿੰਦੇ ਹਨ, ਪੂਜਾ ਕਰਦੇ ਰਹਿੰਦੇ ਹਨ। ਤੁਸੀਂ ਹੁਣ ਜਾਣ ਗਏ ਹੋ ਸ਼ਿਵ ਕੌਣ ਹਨ? ਸ਼ਿਵ ਦੇ ਬਾਅਦ ਫਿਰ ਆਉਂਦੇ ਹਨ ਬ੍ਰਹਮਾ - ਸਰਸਵਤੀ। ਲਕਸ਼ਮੀ - ਨਾਰਾਇਣ ਬਾਅਦ ਵਿਚ ਆਉਂਦੇ ਹਨ। ਪਹਿਲੇ ਸ਼ਿਵਬਾਬਾ ਫਿਰ ਬ੍ਰਹਮਾ, ਵਿਸ਼ਨੂੰ, ਸ਼ੰਕਰ। ਬਾਪ ਕਹਿੰਦੇ ਹਨ ਮੈਂ ਪਹਿਲੇ - ਪਹਿਲੇ ਬ੍ਰਹਮਾ ਵਿੱਚ ਪ੍ਰਵੇਸ਼ ਕਰਦਾ ਹਾਂ, ਇਨ੍ਹਾਂ ਨੂੰ ਪਹਿਲਾਂ ਰਚਦਾ ਹਾਂ। ਬ੍ਰਹਮਾ ਦਵਾਰਾ ਸਥਾਪਨਾ ਫਿਰ ਬ੍ਰਹਮਾ ਹੀ ਵਿਸ਼ਨੂੰ ਬਣ ਪਾਲਣਾ ਕਰਦੇ ਹਨ। ਇਹ ਸਭ ਪੁਆਇੰਟ ਨੋਟ ਕਰਨੇ ਚਾਹੀਦੇ ਹਨ। ਫਿਰ ਕਿਸੇ ਨੂੰ ਸਮਝਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ। ਕੋਈ ਤਾਂ ਬਹੁਤ ਚੰਗਾ ਸਮਝਾਉਂਦੇ ਹਨ। ਬਾਬਾ ਦੀ ਤੇ ਗੱਲ ਹੀ ਵੱਖ ਹੈ। ਕਦੇ ਸ਼ਿਵਬਾਬਾ ਸਮਝਾਉਂਦੇ, ਕਦੇ ਇਹ ਵੀ ਸਮਝਾਉਂਦੇ ਹਨ। ਤੁਸੀਂ ਹਮੇਸ਼ਾ ਸਮਝੋ - ਸ਼ਿਵਬਾਬਾ ਸਮਝਾਉਂਦੇ ਹਨ ਹਨ। ਸ਼ਿਵਬਾਬਾ ਨੂੰ ਯਾਦ ਕਰਨ ਤੇ ਵਿਕਰਮ ਵਿਨਾਸ਼ ਹੁੰਦੇ ਹਨ। ਤੁਸੀਂ ਸਮਝੋ -

ਸ਼ਿਵਬਾਬਾ ਇਨ੍ਹਾਂ ਦਵਾਰਾ ਨਵੇਂ - ਨਵੇਂ ਪੁਆਇੰਟਸ ਸੁਣਾਉਂਦੇ ਹਨ, ਬੜੇ ਤਰੀਕੇ ਨਾਲ ਸਮਝਾਉਂਦੇ ਹਨ। ਤਾਂ ਬੱਚਿਆਂ ਨੂੰ ਸਮਝਣਾ ਵੀ ਚਾਹੀਦਾ ਹੈ। ਪਹਿਲੇ ਤੇ ਨਿਸ਼ਚੇ ਕਰਨਾ ਹੈ। ਸਤ ਰੋਜ਼ ਵਿੱਚ ਵੀ ਰੰਗ ਚੰਗਾ ਲੱਗ ਸਕਦਾ ਹੈ। ਪ੍ਰੰਤੂ ਮਾਇਆ ਵੀ ਬਹੁਤ ਤਿੱਖੀ ਹੈ ਨਾ। ਪਹਿਲੇ - ਪਹਿਲੇ ਤੇ ਨਿਸ਼ਚੇ ਬੈਠੇ ਕਿ ਬਾਪ ਪਰਮਪਿਤਾ ਪਰਮਾਤਮਾ ਸਵਰਗ ਦਾ ਰਚਿਯਤਾ ਹੈ, ਤਾਂ ਜਰੂਰ ਉਸਨੇ ਹੀ ਰਾਜਯੋਗ ਸਿਖਾਇਆ ਹੋਵੇਗਾ। ਸ਼੍ਰੀਕ੍ਰਿਸ਼ਨ ਸਿਖਲਾ ਨਹੀਂ ਸਕਦਾ। ਉਨ੍ਹਾਂ ਦਾ ਆਉਣਾ ਹੀ ਸਤਿਯੁਗ ਵਿੱਚ ਹੁੰਦਾ ਹੈ। ਸਵਰਗ ਦਾ ਰਚਿਯਤਾ ਸ਼ਿਵਬਾਬਾ ਹੈ। ਜੇਕਰ ਕੋਈ ਕਹੇ ਸ਼੍ਰੀਕ੍ਰਿਸ਼ਨ ਦੇ ਤਨ ਵਿਚ ਆਇਆ ਪ੍ਰੰਤੂ ਸ਼੍ਰੀਕ੍ਰਿਸ਼ਨ ਤੇ ਉਸ ਰੂਪ ਵਿਚ ਆ ਨਹੀਂ ਸਕਦਾ। ਉਨ੍ਹਾਂ ਦਾ ਆਉਣਾ ਹੀ ਸਤਿਯੁਗ ਵਿੱਚ ਹੁੰਦਾ ਹੈ। ਬਾਬਾ ਕਿਸੇ ਦੇ ਗਰਭ ਤੋਂ ਤਾਂ ਜਨਮ ਨਹੀਂ ਲੈਂਦਾ। ਇਨ੍ਹਾਂ ਦੇ ਤਨ ਵਿਚ ਪ੍ਰਵੇਸ਼ ਕਰ ਇਨ੍ਹਾਂ ਦਾ ਵੀ ਪਰਿਚੈ ਦਿੰਦਾ ਹੈ ਕਿ ਇਨ੍ਹਾਂ ਦਾ ਨਾਮ ਬ੍ਰਹਮਾ ਅਸੀਂ ਕਿਓਂ ਰੱਖਿਆ? ਇਹ ਹੀ ਸ਼ੁਰੂ ਤੋਂ ਲੈਕੇ ਅੰਤ ਤੱਕ ਪਾਰਟ ਵਜਾਉਂਦੇ ਹਨ। ਤੁਹਾਡੇ ਵੀ ਬਹੁਤ ਚੰਗੇ - ਚੰਗੇ ਨਾਮ ਰੱਖੇ ਸਨ। ਕਿੰਨੇ ਬੱਚਿਆਂ ਦੇ ਨਾਮ ਆਏ। ਵੰਡਰ ਹੈ ਨਾ, ਫਟ ਨਾਲ ਦੋ - ਢਾਈ ਸੌ ਦੇ ਨਾਮ ਆ ਗਏ। ਇਤਨੇ ਨਾਮ ਤੇ ਇੱਥੇ ਦੇ ਬ੍ਰਾਹਮਣ ਲੋਕ ਦੇ ਨਹੀਂ ਸਕਦੇ। ਸੰਦੇਸ਼ੀ ਫਟ ਨਾਲ ਨਾਮ ਲੈ ਆਈ। ਬੇਹੱਦ ਦੇ ਬਾਪ ਨੇ ਨਾਮ ਰੱਖੇ। ਵੰਡਰ ਹੈ। ਵੰਡਰਫੁੱਲ ਬਾਪ, ਵੰਡਰਫੁੱਲ ਐਮ ਆਬਜੈਕਟ।

ਤੁਸੀਂ ਸੋ ਰਾਜਿਆਂ ਦੇ ਰਾਜੇ ਬਣੋਗੇ। ਲਕਸ਼ਮੀ - ਨਾਰਾਇਣ ਦਾ ਚਿੱਤਰ ਬੜਾ ਕਲੀਅਰ ਹੈ। ਉੱਪਰ ਵਿੱਚ ਤ੍ਰਿਮੂਰਤੀ ਦਾ ਚਿੱਤਰ ਬੜਾ ਏਕੂਰੇਟ ਹੈ। 84 ਜਨਮ ਵੀ ਜਰੂਰ ਲੈਣੇ ਹਨ। ਕਲਯੁੱਗ ਦਾ ਅੰਤ ਪਤਿਤ, ਸਤਿਯੁਗ ਦੀ ਆਦਿ ਪਾਵਨ। ਬੱਚਿਆਂ ਨੂੰ ਸਰਵਿਸ ਦਾ ਸਬੂਤ ਦੇਣਾ ਚਾਹੀਦਾ ਹੈ - ਬਾਬਾ, ਅਸੀਂ ਵੀ ਇਹ ਛੋਟੇ - ਛੋਟੇ ਪਰਚੇ ਛਪਵਾਏ। ਉੱਪਰ ਵਿੱਚ ਸ਼ਿਵ, ਤ੍ਰਿਮੂਰਤੀ ਅਤੇ ਦੋ ਬਾਪ ਦਾ ਪਰਿਚੈ ਹੋਵੇ। ਇਹ ਪੁਆਇੰਟ ਜਰੂਰ ਹੁਣੇ ਚਾਹੀਦੇ ਹਨ। ਇਵੇਂ ਦੇ ਪਰਚੇ ਛਪਵਾਕੇ ਖੂਬ ਸਰਵਿਸ ਕਰਕੇ ਸਮਾਚਾਰ ਦੇਣਾ ਚਾਹੀਦਾ ਹੈ, ਤਾਂ ਬਾਪ ਦੀ ਦਿਲ ਤੇ ਚੜੋਗੇ। ਚਿੱਠੀ ਸਿਰਫ ਖੁਸ਼ - ਖ਼ੇਰਾਵਤ ਦੀ ਨਹੀਂ, ਸਰਵਿਸ ਕਰਕੇ ਸਮਾਚਾਰ ਲਿਖਣਾ ਹੈ ਕਿ ਬਾਬਾ ਇਹ - ਇਹ ਸਰਵਿਸ ਕੀਤੀ। ਸਿਰਫ ਯਾਦ - ਪਿਆਰ ਲਿਖਣ ਤੇ ਬਾਬਾ ਦਾ ਪੇਟ ਕੀ ਭਰੇਗਾ। ਅੱਜ ਫਲਾਣੇ ਨੂੰ ਸਮਝਾਇਆ, ਅੱਜ ਪਤੀ ਦੀ ਸਰਵਿਸ ਕੀਤੀ, ਬਹੁਤ ਚੰਗਾ ਖੁਸ਼ ਹੋਇਆ, ਇਵੇਂ - ਇਵੇਂ ਸਰਵਿਸ ਕੀਤੀ, ਸਮਾਚਾਰ ਬਾਬਾ ਨੂੰ ਲਿਖਣਾ ਹੈ। ਦੋ ਬਾਪ ਦੀ ਪੁਆਇੰਟ ਮੁਖ ਹਨ। ਬੇਹੱਦ ਦਾ ਬਾਪ ਹੈ ਹੀ ਸਵਰਗ ਦਾ ਰਾਜ-ਭਾਗ ਦੇਣ ਵਾਲਾ। ਤੁਸੀਂ ਕਿੰਨੇ ਮਿੱਠੇ - ਮਿੱਠੇ ਬੱਚੇ ਹੋ। ਬਾਪ ਸਮਝਾਉਂਦੇ ਹਨ ਇਹ ਸਭ ਅਡੋਪਟਿਡ ਚਿਲਡਰਨਜ਼ ਹਨ। ਇੰਨੇਂ ਸਭ ਤਾਂ ਧਰਮ ਦੇ ਬੱਚੇ ਹੀ ਹੋ ਸਕਦੇ ਹਨ। ਉਹ ਧਰਮ ਦੇ ਫਾਲੋਅਰਜ਼ ਹੁੰਦੇ ਹਨ। ਇੱਥੇ ਤੁਸੀਂ ਬੱਚੇ ਹੋ, ਬਾਪ ਵੀ ਅਜਿਹੇ ਬੱਚਿਆਂ ਨੂੰ ਵੇਖ ਖੁਸ਼ ਹੁੰਦੇ ਹਨ। ਇਹ ਸਭ ਸਾਡੇ ਬੱਚੇ ਹਨ। ਹੁਣ ਅੰਤ ਦਾ ਪਾਰਟ ਵਜਾ ਰਹੇ ਹਨ। ਸਵਰਗ ਦੀ ਸਥਾਪਨਾ ਵਿੱਚ ਮਦਦ ਕਰਨ ਲਈ ਮੇਰੇ ਸਾਥੀ ਬਣੇ ਹਨ। ਇਹ ਹੈ ਰੁਦ੍ਰ ਸ਼ਿਵਬਾਬਾ ਦਾ ਰਾਜਸਵ ਅਸ਼ਵਮੇਧ ਗਿਆਨ ਯਗ। ਸ਼ਿਵਬਾਬਾ ਸਵਰਗ ਦੀ ਸਥਾਪਨਾ ਕਿਵੇਂ ਕਰਦੇ ਹਨ? ਪਹਿਲੇ ਬ੍ਰਹਮਾ ਅਤੇ ਬ੍ਰਾਹਮਣਾਂ ਦਵਾਰਾ ਰੁਦ੍ਰ ਗਿਆਨ ਯਗ ਰਚਦੇ ਹਨ ਜਿਸ ਨਾਲ ਸਵਰਗ ਦੀ ਸਥਾਪਨਾ ਹੁੰਦੀ ਹੈ। ਤਾਂ ਜਰੂਰ ਬ੍ਰਾਹਮਣਾਂ ਨੂੰ ਹੀ ਯਗ ਸੰਭਾਲਣਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਨਿਸ਼ਚੇ ਬੁੱਧੀ ਬਣ ਪੜਾਈ ਕਰਨੀ ਹੈ। ਕਦੇ ਵੀ ਕਿਸੇ ਗੱਲ ਵਿੱਚ ਸੰਸ਼ੇ ਨਹੀਂ ਉਠਾਉਣਾ ਹੈ। ਨਿਸ਼ਚੇ ਵਿੱਚ ਹੀ ਵਿਜੇ ਹੈ।

**2.** ਬਾਪ ਦਾ ਸਾਥੀ ਬਣ ਸਵਰਗ ਦੀ ਸਥਾਪਨਾ ਵਿੱਚ ਪੂਰਾ ਮਦਦਗਾਰ ਬਣਨਾ ਹੈ। ਯਗ ਦੀ ਸੰਭਾਲ ਕਰਨ ਵਾਲਾ ਪੱਕਾ ਬ੍ਰਾਹਮਣ ਬਣਨਾ ਹੈ।

ਵਰਦਾਨ:- ਗਿਆਨ ਸਵਰੂਪ ਬਣ ਕਰਮ ਫਿਲਾਸਫੀ ਨੂੰ ਪਹਿਚਾਣ ਕੇ ਚੱਲਣ ਵਾਲੇ ਕਰਮਬੰਧਨ ਮੁਕਤ ਭਵ।

ਕਈ ਬੱਚੇ ਜੋਸ਼ ਵਿੱਚ ਆਕੇ ਸਭ ਕੁਝ ਛੱਡ ਕਿਨਾਰਾ ਕਰ ਤਨ ਤੋਂ ਅਲਗ ਹੋ ਜਾਂਦੇ ਲੇਕਿਨ ਮਨ ਦਾ ਹਿਸਾਬ - ਕਿਤਾਬ ਹੋਣ ਦੇ ਕਾਰਨ ਖਿੱਚਦਾ ਰਹਿੰਦਾ ਹੈ। ਬੁੱਧੀ ਜਾਂਦੀ ਰਹਿੰਦੀ ਹੈ, ਇਹ ਵੀ ਇੱਕ ਵੱਡਾ ਵਿਘਨ ਬਣ ਜਾਂਦਾ ਹੈ ਇਸਲਈ ਕਿਸੇ ਨਾਲ ਕਿਨਾਰਾ ਵੀ ਕਰਨਾ ਹੈ ਤਾਂ ਪਹਿਲੇ ਨਿਮਿਤ ਆਤਮਾਵਾਂ ਤੋਂ ਵੈਰੀਫਾਈ ਕਰਵਾਓ ਕਿਉਂਕਿ ਕਰਮਾਂ ਦੀ ਫਿਲਾਸਫੀ ਹੈ। ਜ਼ਬਰਦਸਤੀ ਤੋੜਨ ਨਾਲ ਮਨ ਬਾਰ - ਬਾਰ ਜਾਂਦਾ ਰਹਿੰਦਾ ਹੈ। ਤਾਂ ਗਿਆਨ ਸਵਰੂਪ ਹੋਕੇ ਕਰਮ ਫਿਲਾਸਫੀ ਨੂੰ ਪਹਿਚਾਣੋ ਅਤੇ ਵੇਰੀਫਾਈ ਕਰਵਾਓ ਤਾਂ ਸਹਿਜ ਕਰਮਬੰਧਨ ਤੋਂ ਮੁਕਤ ਹੋ ਜਾਵੋਗੇ।

ਸਲੋਗਨ:- ਆਪਣੇ ਸਵਮਾਨ ਦੀ ਸੀਟ ਤੇ ਸੈਟ ਰਹੋ ਤਾਂ ਮਾਇਆ ਤੁਹਾਡੇ ਅੱਗੇ ਸਰੰਡਰ ਹੋ ਜਾਵੇਗੀ।

******